इस पुस्तिका में **20** मुद्रित पृष्ठ हैं।
This Booklet contains **20** printed pages.

www.prepp.in

# MVD18—II

परीक्षा पुस्तिका संख्या
Test Booklet No.

Prepp
Your Personal Exams Guide

LANG. CODE
**15**

## प्रश्न-पत्र—II / PAPER—II
## पंजाबी भाषा परिशिष्ट / PUNJABI LANGUAGE SUPPLEMENT
## भाग IV & V / PART IV & V

परीक्षा पुस्तिका संकेत
**Test Booklet Code**

**M**

**इस परीक्षा पुस्तिका को तब तक न खोलें जब तक कहा न जाए।**
**Do not open this Test Booklet until you are asked to do so.**

**इस परीक्षा पुस्तिका के पिछले आवरण (पृष्ठ संख्या 20) पर दिए गए निर्देशों को ध्यान से पढ़ें।**
**Read carefully the Instructions on the Back Cover (Page No. 20) of this Test Booklet.**

**पंजाबी में निर्देशों के लिए इस पुस्तिका के पृष्ठ संख्या 2 व 19 देखें।**
**For Instructions in Punjabi, see Page Nos. 2 and 19 of this Booklet.**

### *परीक्षार्थियों के लिए निर्देश :*

1. यह पुस्तिका मुख्य परीक्षा पुस्तिका का एक परिशिष्ट है, उन परीक्षार्थियों के लिए जो **या** तो भाग—IV (भाषा—I) **या** भाग—V (भाषा—II) **पंजाबी** भाषा में देना चाहते हैं, लेकिन **दोनों नहीं**।
2. परीक्षार्थी भाग I, II, III के उत्तर मुख्य परीक्षा पुस्तिका से दें और भाग IV व V के उत्तर उनके द्वारा चुनी भाषाओं से।
3. अंग्रेजी व हिन्दी भाषा पर प्रश्न मुख्य परीक्षा पुस्तिका में भाग—IV व भाग—V के अन्तर्गत दिए गए हैं। भाषा परिशिष्टों को आप अलग से माँग सकते हैं।
4. इस पृष्ठ पर विवरण अंकित करने एवं उत्तर-पत्र पर निशान लगाने के लिए **केवल काले/नीले बॉलपॉइंट पेन** का प्रयोग करें।
5. इस भाषा पुस्तिका का **संकेत M** है। यह सुनिश्चित कर लें कि इस भाषा परिशिष्ट परीक्षा पुस्तिका का संकेत, उत्तर-पत्र के **पृष्ठ-2** एवं मुख्य परीक्षा पुस्तिका पर छपे संकेत से मिलता है। अगर यह भिन्न हो, तो परीक्षार्थी दूसरी भाषा परिशिष्ट परीक्षा पुस्तिका लेने के लिए निरीक्षक को तुरन्त अवगत कराएँ।
6. इस परीक्षा पुस्तिका में **दो** भाग IV और V हैं, जिनमें **60** वस्तुनिष्ठ प्रश्न हैं तथा प्रत्येक 1 अंक का है :

   भाग—IV : भाषा—I (पंजाबी) (प्रश्न सं० 91–120)
   भाग—V : भाषा—II (पंजाबी) (प्रश्न सं० 121–150)
7. भाग—IV में भाषा—I के लिए 30 प्रश्न और भाग—V में भाषा—II के लिए 30 प्रश्न दिए गए हैं। इस परीक्षा पुस्तिका में केवल पंजाबी भाषा से सम्बन्धित प्रश्न दिए गए हैं। **यदि भाषा—I और/या भाषा—II में आपके द्वारा चुनी गई भाषा(एँ) पंजाबी के अलावा है/हैं, तो कृपया उस भाषा वाली परीक्षा पुस्तिका माँग लें। जिन भाषाओं के प्रश्नों के उत्तर आप दे रहे हैं वह आवेदन-पत्र में चुनी गई भाषाओं से अवश्य मेल खानी चाहिए।**
8. **परीक्षार्थी भाग—V (भाषा—II) के लिए, भाषा सूची से ऐसी भाषा चुनें जो उनके द्वारा भाषा—I (भाग—IV) में चुनी गई भाषा से भिन्न हो।**
9. रफ़ कार्य परीक्षा पुस्तिका में इस प्रयोजन के लिए दी गई खाली जगह पर ही करें।
10. सभी उत्तर केवल OMR उत्तर-पत्र पर ही अंकित करें। अपने उत्तर ध्यानपूर्वक अंकित करें। उत्तर बदलने हेतु श्वेत रंजक का प्रयोग निषिद्ध है।

### *Instructions for Candidates :*

1. This Booklet is a Supplement to the Main Test Booklet for those candidates who wish to answer **EITHER** Part—IV (Language—I) **OR** Part—V (Language—II) in **PUNJABI** language, but **NOT BOTH**.
2. Candidates are required to answer Parts I, II, III from the Main Test Booklet and Parts IV and V from the languages chosen by them.
3. Questions on English and Hindi languages for Part—IV and Part—V have been given in the Main Test Booklet. Language Supplements can be asked for separately.
4. Use **Black/Blue Ballpoint Pen only** for writing particulars on this page/marking responses in the Answer Sheet.
5. The CODE for this Language Booklet is **M**. Make sure that the CODE printed on **Side-2** of the Answer Sheet and on your Main Test Booklet is the same as that on this Language Supplement Test Booklet. In case of discrepancy, the candidate should immediately report the matter to the Invigilator for replacement of the Language Supplement Test Booklet.
6. This Test Booklet has **Two** Parts, IV and V, consisting of **60** Objective-type Questions and each carrying 1 mark :

   Part—IV : Language—I (Punjabi) (Q. Nos. 91–120)
   Part—V : Language—II (Punjabi) (Q. Nos. 121–150)
7. Part—IV contains 30 questions for Language—I and Part—V contains 30 questions for Language—II. In this Test Booklet, only questions pertaining to Punjabi Language have been given. **In case, the language(s) you have opted for as Language—I and/or Language—II is a language other than Punjabi, please ask for a Test Booklet that contains questions on that language. The languages being answered must tally with the languages opted for in your Application Form.**
8. **Candidates are required to attempt questions in Part—V (Language—II) in a language other than the one chosen as Language—I (Part—IV) from the list of languages.**
9. Rough work should be done only in the space provided in the Test Booklet for the same.
10. The answers are to be recorded on the OMR Answer Sheet only. Mark your responses carefully. No whitener is allowed for changing answers.

परीक्षार्थी का नाम (बड़े अक्षरों में) : ____________________
Name of the Candidate (in Capital letters)

अनुक्रमांक (अंकों में) : ____________________
Roll Number (in figures)

(शब्दों में) : ____________________
(in words)

परीक्षा-केन्द्र (बड़े अक्षरों में) : ____________________
Centre of Examination (in Capital letters)

परीक्षार्थी के हस्ताक्षर : ____________________
Candidate's Signature

निरीक्षक के हस्ताक्षर : ____________________
Invigilator's Signature

Facsimile Signature Stamp of Centre Superintendent ____________________

ਇਸ ਪੁਸਤਿਕਾ ਵਿੱਚ 20 ਪੰਨੇ ਹਨ।

www.prepp.in

LANG. CODE **15**

# MVD18—II

ਪਰੀਖਿਆ ਪੁਸਤਿਕਾ ਸੰਕੇਤ **M**

## ਪੇਪਰ—II

## ਪੰਜਾਬੀ ਭਾਸ਼ਾ ਪੂਰਕ

## ਭਾਗ IV & V

ਇਸ ਪਰੀਖਿਆ ਪੁਸਤਿਕਾ ਨੂੰ ਉਦੋਂ ਤੱਕ ਨਾ ਖੋਲ੍ਹੋ ਜਦੋਂ ਤੱਕ ਕਿਹਾ ਨਾ ਜਾਵੇ।

ਇਸ ਪਰੀਖਿਆ ਪੁਸਤਿਕਾ ਦੇ ਪਿੱਛਲੇ ਪੰਨੇ (**19** & **20**) 'ਤੇ ਦਿੱਤੇ ਨਿਰਦੇਸ਼ਾਂ ਨੂੰ ਧਿਆਨ ਨਾਲ ਪੜ੍ਹੋ।

***ਪਰੀਖਿਆਰਥੀਆਂ ਲਈ ਨਿਰਦੇਸ਼*** :

1. ਇਹ ਪੁਸਤਿਕਾ ਮੁੱਖ ਪ੍ਰਸ਼ਨ-ਪੁਸਤਿਕਾ ਦੀ ਇਕ ਪੂਰਕ ਹੈ, ਉਨ੍ਹਾਂ ਵਿਦਿਆਰਥੀਆਂ ਲਈ ਜੋ ਜਾਂ ਤਾਂ ਭਾਗ—IV (ਭਾਸ਼ਾ—I)ਜਾਂ ਭਾਗ—V (ਭਾਸ਼ਾ—II) ਪੰਜਾਬੀ ਭਾਸ਼ਾ ਵਿੱਚ ਦੇਣਾ ਚਾਹੁੰਦੇ ਹਨ ਪਰ ਦੋਨਾ ਵਿੱਚ ਨਹੀਂ।
2. ਪਰੀਖਿਆਰਥੀ ਭਾਗ—I, II, III ਦੇ ਉੱਤਰ ਮੁੱਖ ਪਰੀਖਿਆ-ਪੁਸਤਿਕਾ ਵਿੱਚੋਂ ਦੇਣ ਅਤੇ ਭਾਗ—IV ਅਤੇ ਭਾਗ—V ਦੇ ਉੱਤਰ ਦੁਆਰਾ ਚੁਣੀਆਂ ਭਾਸ਼ਾਵਾਂ ਵਿੱਚੋਂ।
3. ਅੰਗਰੇਜੀ ਅਤੇ ਹਿੰਦੀ ਭਾਸ਼ਾਵਾਂ ਉੱਤੇ ਪ੍ਰਸ਼ਨ ਮੁੱਖ ਪਰੀਖਿਆ ਵਿੱਚ ਭਾਗ—IV ਅਤੇ ਭਾਗ—V ਵਿੱਚ ਦਿੱਤੇ ਗਏ ਹਨ। ਪੂਰਕ ਭਾਸ਼ਾ ਲਈ ਤੁਸੀਂ ਅਲਗ ਤੋਂ ਮੰਗ ਸਕਦੇ ਹੋਂ।
4. ਇਸ ਪੰਨੇ ਉੱਤੇ ਵਿਵਰਨ ਦੇਣ ਲਈ ਅਤੇ ਉੱਤਰ-ਪੱਤਰ ਤੇ ਨਿਸ਼ਾਨ ਲਗਾਉਣ ਲਈ **ਕੇਵਲ ਕਾਲੇ/ਨੀਲੇ ਬਾਲ ਪੁਆਇੰਟ ਪੈਂਨ** ਦਾ ਹੀ ਇਸਤੇਮਾਲ ਕਰੋ।
5. ਇਸ ਭਾਸ਼ਾ ਪੁਸਤਿਕਾ ਦਾ ਸੰਕੇਤ ਹੈਂ **M**. ਇਹ ਗੱਲ ਨਿਸ਼ਚਿਤ ਕਰ ਲਓ ਕਿ ਇਸ ਪੂਰਕ ਭਾਸ਼ਾ-ਪੁਸਤਿਕਾ ਦਾ ਸੰਕੇਤ, ਉੱਤਰ ਪੱਤਰ ਦੇ **ਪੰਨਾ-2** ਅਤੇ ਸੁੱਧ ਪਰੀਖਿਆ-ਪੁਸਤਿਕਾ ਉੱਤੇ ਛਪੇ ਸੰਕੇਤ ਨਾਲ ਮਿਲਦਾ ਹੈ। ਜੇ ਕਿਤੇ ਕੋਈ ਫ਼ਰਕ ਹੈ ਤਾਂ ਪਰੀਖਿਆਰਥੀ ਪੂਰਕ ਭਾਸ਼ਾ ਦੀ ਦੂਜੀ ਪਰੀਖਿਆ-ਪੁਸਤਿਕਾ ਲੈਣ ਲਈ ਤੁਰੰਤ ਨਿਰੀਖਿਅਕ ਨੂੰ ਸੂਚਿਤ ਕਰੋ।
6. ਇਸ ਪਰੀਖਿਆ-ਪੁਸਤਿਕਾ ਵਿੱਚ ਦੋ ਭਾਗ—IV ਅਤੇ V ਹਨ ਜਿਸ ਵਿੱਚ **60** ਵਸਤੂਪਰਕ ਪ੍ਰਸ਼ਨ ਹਨ, ਹਰੇਕ ਲਈ 1 (ਇੱਕ) ਅੰਕ ਹੈ:

   ਭਾਗ–IV : ਭਾਸ਼ਾ–I (ਪੰਜਾਬੀ) (ਪ੍ਰ. 91 – ਪ੍ਰ. 120)

   ਭਾਗ–V : ਭਾਸ਼ਾ–II (ਪੰਜਾਬੀ) (ਪ੍ਰ. 121 – ਪ੍ਰ. 150)
7. ਭਾਗ IV ਵਿੱਚ ਭਾਸ਼ਾ I ਵਾਸਤੇ 30 ਪ੍ਰਸ਼ਨ ਅਤੇ ਭਾਗ V ਵਿੱਚ ਭਾਸ਼ਾ II ਲਈ 30 ਪ੍ਰਸ਼ਨ ਦਿੱਤੇ ਗਏ ਹਨ। ।ਇਸ ਪਰੀਖਿਆ ਪੁਸਤਿਕਾ ਵਿੱਚ ਕੇਵਲ ਪੰਜਾਬੀ ਭਾਸ਼ਾ ਨਾਲ ਸੰਬੰਧਿਤ ਪ੍ਰਸ਼ਨ ਦਿੱਤੇ ਗਏ ਹਨ। ਅਗਰ ਭਾਸ਼ਾ I ਅਤੇ/ ਜਾਂ II ਵਿਚ ਤੁਹਾਡੇ ਦੁਆਰਾ ਚੁਣੀ ਗਈ ਭਾਸ਼ਾ (ਵਾਂ) ਪੰਜਾਬੀ ਤੋਂ ਇਲਾਵਾ ਹੈ ਤਾਂ ਕਿਰਪਾ ਕਰਕੇ ਆਪਣੀ ਚੁਣੀ ਭਾਸ਼ਾ ਵਾਲੀ ਪਰੀਖਿਆ-ਪੁਸਤਿਕਾ ਮੰਗ ਲਓ। ਜਿਨ੍ਹਾਂ ਭਾਸ਼ਾਵਾਂ ਦੇ ਪ੍ਰਸ਼ਨਾਂ ਦੇ ਉੱਤਰ ਤੁਸੀਂ ਦੇ ਰਹੇ ਹੋ, ਉਹ ਤੁਹਾਡੇ ਆਵੇਦਨ ਪੱਤਰ ਵਿੱਚ ਚੁਣੀਆਂ ਗਈਆਂ ਭਾਸ਼ਾਵਾਂ ਹੀ ਹੋਣੀਆਂ ਚਾਹੀਦੀਆਂ ਹਨ।
8. **ਪਰੀਖਿਆਰਥੀ ਭਾਗ V (ਭਾਸਾ II) ਲਈ, ਭਾਸ਼ਾ ਸੂਚੀ ਵਿੱਚੋਂ ਅਜਿਹੀ ਭਾਸ਼ਾ ਚੁਣੇ ਜੋ ਉਨ੍ਹਾਂ ਦੁਆਰਾ ਚੁਣੀ ਭਾਸ਼ਾ I (ਭਾਗ IV) ਵਿੱਚ ਚੁਣੀ ਗਈ ਭਾਸ਼ਾ ਤੋਂ ਵੱਖਰੀ ਹੋਵੇ।**
9. ਪ੍ਰਸ਼ਨ-ਪੁਸਤਿਕਾ ਵਿੱਚ ਦਿੱਤੇ ਗਏ ਕੱਚੇ ਕੰਮ ਲਈ ਖਾਲੀ ਥਾਂ ਵਿੱਚ ਹੀ ਕੱਚਾ ਕੰਮ ਕਰੋ।
10. ਸਾਰੇ ਉੱਤਰ ਕੇਵਲ ਓ.ਐਮ.ਆਰ (OMR) ਉੱਤਰ ਪੱਤਰ ਉੱਤੇ ਹੀ ਕੀਤੇ ਜਾਣ। ਆਪਣੇ ਉੱਤਰਾਂ ਤੇ ਧਿਆਨ ਨਾਲ ਨਿਸ਼ਾਨ ਲਗਾਓ। ਉੱਤਰ ਬਦਲਣ ਲਈ ਸਫ਼ੇਦ ਸਿਆਹੀ ਦੀ ਵਰਤੋਂ ਵਰਜਿਤ ਹੈ।

ਪਰੀਖਿਆਰਥੀ ਦਾ ਨਾਂ (ਵੱਡੇ ਅਖਰਾਂ ਵਿਚ) : ______________________

ਰੋਲ ਨੰਬਰ (ਅੰਕਾ ਵਿੱਚ) : ______________________

(ਸ਼ਬਦਾਂ ਵਿੱਚ) : ______________________

ਪਰੀਖਿਆ ਕੇਂਦਰ (ਵੱਡੇ ਅਖਰਾਂ ਵਿੱਚ) : ______________________

ਪਰੀਖਿਆਰਥੀ ਦੇ ਦਸਖ਼ਤ : ______________ ਨਿਰੀਖਿਅਕ ਦੇ ਦਸਖਤ : ______________

Facsimile signature stamp of Centre Superintendent ______________________

Prepp
Your Personal Exams Guide

ਉਮੀਦਵਾਰ **ਭਾਗ–IV** ਦੇ ਪ੍ਰਸ਼ਨ (ਪ੍ਰ.ਨੰ. **91–120**) ਤਾਂ ਹੀ ਹੱਲ ਕਰਨ ਜੇਕਰ ਉਨ੍ਹਾਂ ਨੇ ਪੰਜਾਬੀ **ਭਾਸ਼ਾ–I** ਚੋਣ ਕੀਤੀ ਹੈ।

Candidates should attempt the questions from **Part–IV (Q. Nos. 91–120)**, if they have opted **PUNJABI** as **Language–I** only.

# Part—IV / ਭਾਗ–IV

## Language—I / ਭਾਸ਼ਾ–I

## Punjabi / ਪੰਜਾਬੀ

Prepp
Your Personal Exams Guide

ਉਮੀਦਵਾਰ **ਭਾਗ–IV** ਦੇ ਪ੍ਰਸ਼ਨ (ਪ੍ਰ.ਨੰ. **91-120**) ਤਾਂ ਹੀ ਹੱਲ ਕਰਨ ਜੇਕਰ ਉਨ੍ਹਾਂ ਨੇ ਪੰਜਾਬੀ **ਭਾਸ਼ਾ–I** ਦੀ ਚੋਣ ਕੀਤੀ ਹੈ।

***ਨਿਰਦੇਸ਼*** : ਹੇਠ ਲਿਖੇ ਪ੍ਰਸ਼ਨਾਂ (**91-105**) ਦੇ ਉੱਤਰ ਬਹੁਤ ਹੀ ਢੁੱਕਵੇਂ ਵਿਕਲਪਾਂ ਨਾਲ ਦਿਉ :

**91.** ਭਾਸ਼ਾ ਦੇ ਅਧਿਆਪਨ ਵਿਚ ਕਮਜ਼ੋਰ ਵਿਦਿਆਰਥੀਆਂ ਲਈ ਸਭ ਤੋਂ ਚੰਗਾ ਤਰੀਕਾ ਹੈ

(1) ਵਿਅਕਤੀਗਤ ਅਧਿਆਪਨ

(2) ਸਮੂਹਕ ਅਧਿਆਪਨ

(3) ਬਰਾਬਰ ਦੇ ਬੱਚਿਆਂ ਨੂੰ ਪੜ੍ਹਾਉਣਾ

(4) ਇਹ ਸਾਰੇ

**92.** ਭਾਸ਼ਾ ਅਧਿਆਪਨ ਦੇ ਵਸਤੂਨਿਸ਼ਠ ਮੁਲਾਂਕਨ ਲਈ ਜ਼ਰੂਰੀ ਹੈ ਕਿ ਉਹ ______ ਹੋਵੇ।

(1) ਵਸਤੂਨਿਸ਼ਠ ਤੇ ਆਲੋਚਨਾਤਮਕ

(2) ਬੋਧਾਤਮਕ ਤੇ ਵਿਵਹਾਰਕ

(3) ਭਰੋਸੇਯੋਗ ਤੇ ਵੈਧ

(4) ਇਹ ਸਾਰੇ

**93.** ਹੇਠ ਲਿਖਿਆਂ ਵਿਚੋਂ ਕਿਹੜਾ ਭਾਸ਼ਾ ਅਧਿਆਪਨ ਦਾ ਉਦੇਸ਼ ਨਹੀਂ ਹੈ?

(1) ਵਿਚਾਰਾਂ ਦੀ ਅਭਿਵਅਕਤੀ

(2) ਭਾਸ਼ਾ ਦੀ ਸਮਝ

(3) ਲੇਖਨ ਨਿਪੁੰਨਤਾ

(4) ਸਿਰਜਨਾਤਮਕਤਾ

**94.** ਭਾਸ਼ਾ ਕੌਸ਼ਲ ਦੇ ਸੰਦਰਭ ਵਿਚ ਕਿਹੜਾ ਕਥਨ ਠੀਕ ਨਹੀਂ ਹੈ?

(1) ਭਾਸ਼ਾ ਕੌਸ਼ਲ ਦੇ ਵਿਕਾਸ ਵਿਚ ਵਿਵਹਾਰ ਦੀ ਤੁਲਨਾ ਵਿਚ ਭਾਸ਼ਾ ਦਾ ਸਿਧਾਂਤ ਵਧੇਰੇ ਮਹੱਤਵਪੂਰਨ ਹੈ।

(2) ਬੱਚੇ ਸਿਰਫ਼ ਸੁਣਨ, ਬੋਲਣ, ਪੜ੍ਹਨ ਅਤੇ ਲੇਖਣ ਦੇ ਕ੍ਰਮ ਵਿਚ ਹੀ ਭਾਸ਼ਾ ਸਿੱਖਦੇ ਹਨ।

(3) ਸਕੂਲਾਂ ਵਿਚ ਪੜ੍ਹਨ ਤੇ ਲੇਖਣ ਕੌਸ਼ਲ ਉੱਪਰ ਬਲ ਦੇਣਾ ਚਾਹੀਦਾ ਹੈ।

(4) ਭਾਸ਼ਾ ਦੇ ਸਾਰੇ ਯਾਨਿ ਚਾਰੇ ਕੌਸ਼ਲ ਆਪਸ ਵਿਚ ਸੰਬੰਧਤ ਹਨ।

www.prepp.in

**95.** ''ਬੱਚਾ ਉਸ ਭਾਸ਼ਾ ਨੂੰ ਛੇਤੀ ਸਿੱਖ ਜਾਂਦਾ ਹੈ ਜਿਸ ਦਾ ਵਿਆਕਰਨ ਉਹ ਨਹੀਂ ਜਾਣਦਾ।'' ਇਹ ਕਥਨ ਕਿਸ ਦਾ ਹੈ?

(1) ਮਹਾਰਿਸ਼ੀ ਪਤੰਜਲੀ

(2) ਲਾਰਡ ਸਵੀਟ

(3) ਲਾਰਡ ਮੈਕਾਲੇ

(4) ਜਿਆਂ ਪੀਗੇਟ

**96.** ਜਮਾਤ ਵਿਚ ਪੜ੍ਹਾਉਂਦੇ ਸਮੇਂ ਵਿਦਿਆਰਥੀ ਭਾਸ਼ਾ ਬਾਰੇ ਮੁਸ਼ਕਲ ਪ੍ਰਸ਼ਨ ਤੇ ਸ਼ੰਕੇ ਤੁਹਾਡੇ ਸਾਹਮਣੇ ਰੱਖਦੇ ਹਨ। ਅਜਿਹੀ ਸਥਿਤੀ ਵਿਚ ਤੁਸੀਂ ਕੀ ਕਰੋਗੇ?

(1) ਤੁਸੀਂ ਤੁਰੰਤ ਜਾ ਕੇ ਤਿਆਰੀ ਕਰਕੇ ਆਉਗੇ ਤੇ ਉਨ੍ਹਾਂ ਦੇ ਸ਼ੰਕਿਆਂ ਦਾ ਨਿਪਟਾਰਾ ਕਰੋਗੇ ਅਤੇ ਉਨ੍ਹਾਂ ਦੇ ਪ੍ਰਸ਼ਨਾਂ ਦਾ ਉੱਤਰ ਦਿਉਗੇ।

(2) ਤੁਸੀਂ ਉਨ੍ਹਾਂ ਸਾਰੇ ਪ੍ਰਸ਼ਨਾਂ ਤੇ ਸ਼ੰਕਿਆਂ ਨੂੰ ਲਿਖੋਗੇ ਅਤੇ ਅਗਲੇ ਦਿਨ ਉਨ੍ਹਾਂ ਦਾ ਉੱਤਰ ਦੇ ਕੇ ਉਨ੍ਹਾਂ ਨੂੰ ਹੱਲ ਕਰੋਗੇ।

(3) ਤੁਸੀਂ ਉਨ੍ਹਾਂ ਨੂੰ ਕਹੋਗੇ ਕਿ ਉਹ ਪੁਸਤਕ ਵਿਚੋਂ ਪੜ੍ਹਕੇ ਆਪਣੇ ਪ੍ਰਸ਼ਨਾਂ ਦੇ ਉੱਤਰ ਅਤੇ ਸ਼ੰਕਿਆਂ ਦੇ ਹੱਲ ਵਾਸਤੇ ਆਪਸ ਵਿਚ ਚਰਚਾ ਕਰਨ।

(4) ਤੁਸੀਂ ਅਜਿਹੇ ਵਿਦਿਆਰਥੀਆਂ ਨੂੰ ਡਾਂਟ ਕੇ ਅਨੁਸ਼ਾਸਨ ਬਣਾਈ ਰੱਖਣ ਲਈ ਕਹੋਗੇ।

**97.** ਰੱਟਾ ਲਾਉਣ ਦੀ ਆਦਤ ਕਾਰਨ ਵਿਦਿਆਰਥੀਆਂ ਦੇ ਵਿਕਾਸ ਨੂੰ ਕੀ ਨੁਕਸਾਨ ਪਹੁੰਚਦਾ ਹੈ?

Your Personal Exams Guide

(1) ਉਨ੍ਹਾਂ ਦੀ ਬੁੱਧੀ ਦਾ ਵਿਕਾਸ ਨਹੀਂ ਹੁੰਦਾ।

(2) ਉਨ੍ਹਾਂ ਦਾ ਆਤਮ-ਵਿਸ਼ਵਾਸ ਖ਼ਤਮ ਹੋ ਜਾਂਦਾ ਹੈ।

(3) ਉਹ ਜਮਾਤ ਦੇ ਅਧਿਆਪਨ ਤੋਂ ਅਲੱਗ-ਥਲੱਗ ਹੋ ਜਾਂਦੇ ਹਨ।

(4) ਉਹ ਪੂਰੀ ਤਰ੍ਹਾਂ ਪੜ੍ਹਾਈ ਵੱਲ ਧਿਆਨ ਨਹੀਂ ਦੇ ਸਕਦੇ।

**98.** ਭਾਸ਼ਾ ਦੇ ਅਧਿਆਪਣ ਵਿਚ ਆਗਮਨਾਤਮਕ ਵਿਧੀ (Inductive Method) ਦਾ ਇਕ ਲਾਭ ਇਹ ਹੁੰਦਾ ਹੈ ਕਿ –

(1) ਵਿਦਿਆਰਥੀਆਂ ਨੂੰ ਘਰ ਦਾ ਕੰਮ ਨਹੀਂ ਕਰਨਾ ਪੈਂਦਾ।

(2) ਵਿਦਿਆਰਥੀਆਂ ਨੂੰ ਰੱਟਾ ਲਾਉਣ ਦੀ ਆਦਤ ਨਹੀਂ ਪੈਂਦੀ।

(3) ਜਮਾਤ ਵਿਚ ਅਨੁਸ਼ਾਸਨ ਬਰਕਰਾਰ ਰਹਿੰਦਾ ਹੈ।

(4) ਵਿਦਿਆਰਥੀ ਘੱਟ ਸਮੇਂ ਵਿਚ ਵਧੇਰੇ ਪੜ੍ਹ ਸਕਦਾ ਹੈ।

**99.** ਭਾਸ਼ਾ ਅਭਿਵਿਅਕਤੀ ਅਤੇ ਵਿਚਾਰ ਵਿਅਕਤ ਕਰਨ ਦਾ ਬੇਹਤਰੀਨ ਮਾਧਿਅਮ ਹੈ

(1) ਪ੍ਰਚਾਰ

(2) ਸੰਗ੍ਰਹਿ

(3) ਆਦਾਨ-ਪ੍ਰਦਾਨ

(4) ਇਹ ਸਾਰੇ

www.prepp.in

**100.** ਭਾਰਤੀ ਬੱਚੇ ਨੂੰ ________ ਸਿੱਖਣ ਦੀ ਲੋੜ ਹੈ।

(1) ਮਾਂ ਬੋਲੀ

(2) ਮਾਂ-ਬੋਲੀ ਤੇ ਖੇਤਰੀ ਭਾਸ਼ਾ

(3) ਮਾਂ-ਬੋਲੀ ਤੇ ਅੰਗਰੇਜ਼ੀ

(4) ਕੋਈ ਤਿੰਨ ਭਾਸ਼ਾਵਾਂ

**101.** ਇਕ ਸਮਾਵੇਸ਼ੀ ਜਮਾਤ ਵਿਚ ਭਾਸ਼ਾ-ਅਧਿਆਪਨ ਦੀ ਇਕ ਚੁਨੌਤੀ ਹੈ

(1) ਭਾਸ਼ਾ ਸਿਖਲਾਈ ਦੇ ਢੁਕਵੇਂ ਮਹੌਲ ਨੂੰ ਪੈਦਾ ਕਰਨ ਦੀ ਅਸਮਰਥਾ

(2) ਯੋਗ ਸਿੱਖਿਆ ਸਾਮੱਗਰੀ ਦੀ ਘਾਟ

(3) ਵਿਦਿਆਰਥੀਆਂ ਦੀ ਯੋਗਤਾ ਵਿਚ ਵਿਭਿੰਨਤਾ

(4) ਵਿਦਿਆਰਥੀਆਂ ਦੀ ਰੁੱਚੀ ਵਿਚ ਅਸਮਾਨਤਾ

**102.** ਹੇਠ ਲਿਖਿਆਂ ਵਿਚੋਂ ਕਿਹੜਾ ਮਾਂ-ਬੋਲੀ ਅਧਿਆਪਨ ਦੇ ਗਿਆਨ ਦਾ ਉਦੇਸ਼ ਨਹੀਂ ਹੈ?

(1) ਭਾਸ਼ਾਈ ਤੱਤਾਂ ਦੇ ਗਿਆਨ ਦੀ ਲੋੜੀਂਦੀ ਪ੍ਰਾਪਤੀ

(2) ਵਿਸ਼ੇ-ਵਸਤੂ ਦਾ ਗਿਆਨ

(3) ਉਚਾਰਨ ਦਾ ਗਿਆਨ

(4) ਭਾਸ਼ਾ ਵਿਚ ਵਿਭਿੰਨ ਪ੍ਰਕਾਰ ਦੇ ਲੇਖਨ ਦਾ ਗਿਆਨ

**103.** ਹੇਠ ਲਿਖਿਆਂ ਵਿਚੋਂ ਅਧਿਆਪਨ ਦੀ ਵਿਧੀ ਕਿਹੜੀ ਹੈ?

(1) ਚੋਣ ਵਿਧੀ

(2) ਰੁਚੀ ਵਿਧੀ

(3) ਪ੍ਰੇਰਨਾ ਵਿਧੀ

(4) ਇਹ ਸਾਰੀਆਂ

**104.** ਭਾਸ਼ਾਈ ਅਧਿਆਪਨ ਵਿਚ ਸ਼੍ਰਵਨ-ਦ੍ਰਿਸ਼ ਸਾਮਗਰੀ ਕਿਸ ਲਈ ਉਪਯੋਗੀ ਹੁੰਦੀਆਂ ਹਨ?

(1) ਸ਼ੁੱਧ ਉਚਾਰਨ

(2) ਸ਼ੁੱਧ ਲੇਖਨ

(3) ਸ਼ੁੱਧ ਪਾਠ

(4) ਇਨ੍ਹਾਂ ਵਿਚੋਂ ਕੋਈ ਨਹੀਂ

**105.** ਉਪਚਾਰਾਤਮਕ ਸਿੱਖਿਆ ਵਿਧੀ

(1) ਸਮੱਸਿਆਵਾਂ ਦੀ ਪਛਾਣ ਕਰਨ ਦੀ ਮੁਸ਼ਕਿਲ ਦੇ ਪੱਧਰ ਨੂੰ ਵਧਾਉਂਦੀ ਹੈ।

(2) ਸਮੱਸਿਆਵਾਂ ਹੱਲ ਕਰਨ ਵਿਚ ਸਫ਼ਲ ਬਣਾਉਂਦੀ ਹੈ।

(3) ਸਮੱਸਿਆਵਾਂ ਨੂੰ ਬੇਤਰਤੀਬੀ ਨਾਲ ਪੇਸ਼ ਕਰਦੀ ਹੈ।

(4) ਸਮੱਸਿਆਵਾਂ ਲਈ ਭਾਸ਼ਾ ਸਿਧਾਂਤ ਦੀ ਜਾਣਕਾਰੀ ਪ੍ਰਦਾਨ ਕਰਦੀ ਹੈ।

*ਨਿਰਦੇਸ਼* : ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਉਸ ਹੇਠਾਂ ਦਿੱਤੇ ਪ੍ਰਸ਼ਨਾਂ (ਪ੍ਰ.ਨੰ. **106–114**) ਦੇ ਢੁੱਕਵੇਂ ਉੱਤਰ ਦਿਉ:

www.prepp.in

ਸਾਹਿਤ ਇਕ ਸੂਖਮ ਕਲਾ ਹੈ ਅਤੇ ਇਕ ਸੂਖਮ ਕਲਾ ਦੀ ਹੈਸੀਅਤ ਵਿਚ ਸੁਹਜ-ਸੁਆਦ ਉਪਜਾਉਣਾ ਇਸ ਦਾ ਵਿਸ਼ੇਸ਼ ਲੱਛਣ ਹੈ। ਸ਼ਾਇਦ ਇਹੀ ਇਕ ਅੰਤਰਸ਼ੀਲ ਗੁਣ ਹੈ ਜਿਸ ਕਰਕੇ ਸਾਹਿਤ-ਲਿਖਤਾਂ ਹੋਰ ਲਿਖਤਾਂ ਨਾਲੋਂ ਵੱਖਰੇ ਸਰੂਪ ਵਾਲੀਆਂ ਹਨ। ਕਈ ਵਿਚਾਰਵਾਨ ਜਿਹੜੇ 'ਕਲਾ-ਕਲਾ ਲਈ' ਦੇ ਸਿਧਾਂਤ ਵਾਲੇ ਹਨ, ਇਸ ਗੱਲ 'ਤੇ ਬੜਾ ਜ਼ੋਰ ਦਿੰਦੇ ਹਨ ਕਿ ਸਾਹਿਤ ਨੂੰ ਨਿਰੋਲ ਸੁਹਜ-ਸੁਧਾਰ ਉਤਪੰਨ ਕਰਨ ਤੋਂ ਬਿਨਾਂ ਹੋਰ ਕੋਈ ਉਚੇਰਾ ਕਰਮ ਨਹੀਂ ਕਰਨਾ ਚਾਹੀਦਾ 'ਤੇ ਹੋਰ ਕੋਈ ਉੱਤਮ ਫ਼ਰਜ਼ ਆਪਣੇ ਜ਼ਿੰਮੇ ਨਹੀਂ ਲੈਣਾ ਚਾਹੀਦਾ। ਉਹ ਸੁਹਜ-ਸੁਆਦ ਨੂੰ ਹੀ ਸਾਹਿੱਤ-ਰਚਨਾ ਦਾ ਮੂਲ ਮਨੋਰਥ ਸਮਝਦੇ ਹਨ, ਪ੍ਰੰਤੂ ਨਵੀਂ ਦ੍ਰਿਸ਼ਟੀ ਇਸ ਸਿਧਾਂਤ ਨੂੰ ਕੇਵਲ ਨਿੰਦਦੀ ਹੀ ਨਹੀਂ ਸਗੋਂ ਇਸ ਵਿਚਾਰਧਾਰਾ ਨੂੰ ਸਾਹਿਤ-ਰਚਨਾ ਦਾ ਇਕ ਵੱਡਾ ਤੇ ਗੁਪਤ ਵੈਰੀ ਸਮਝਦੀ ਹੈ। ਇਨ੍ਹਾਂ ਵਿਚਾਰਵਾਨਾ ਦਾ ਖ਼ਿਆਲ ਹੈ ਕਿ ਸਾਹਿਤ ਪੜ੍ਹਨ ਨਾਲ ਪਾਠਕਾਂ ਦੀ ਸੁਹਜ-ਤ੍ਰਿਪਤੀ ਤਾਂ ਠੀਕ ਹੁੰਦੀ ਹੈ, ਪਰ ਇਸ ਤੋਂ ਉਪਰੰਤ ਵੀ ਸਾਹਿਤ ਰਚਨਾ ਦਾ ਕੋਈ ਮਨੋਰਥ ਹੈ। ਇਨ੍ਹਾਂ ਦਾ ਵਿਚਾਰ ਹੈ ਕਿ ਜੇ ਸਾਹਿਤ ਨੂੰ ਮਨੁੱਖ ਜਾਤੀ ਤੇ ਸੰਸਾਰ ਦੇ ਭਲੇ ਲਈ ਕਿਸੇ ਹੋਰ ਦ੍ਰਿਸ਼ਟੀ ਤੋਂ ਵਰਤਿਆ ਜਾ ਸਕਦਾ ਹੈ ਤਾਂ ਉਸ ਨੂੰ ਇਸ ਸ਼ੁਭ ਸੇਵਾ ਦੀ ਕੀਰਤੀ ਤੋਂ ਕਿਉਂ ਵਾਂਝਿਆਂ ਰੱਖਿਆ ਜਾਵੇ। ਇਹ ਵਿਚਾਰਵਾਨ ਸਾਹਿਤ ਨੂੰ ਜਨਤਾ ਦੀ ਅਗਵਾਈ ਲਈ ਰਚਿਆ ਸਮਝਦੇ ਹਨ, ਜਿਵੇਂ ਕਿ ਕਿਸੇ ਵਿਚਾਰਵਾਨ ਨੇ ਠੀਕ ਕਿਹਾ ਕਿ 'ਸਾਹਿਤ ਜਨਤਾ ਦੀ ਡੰਗੋਰੀ ਹੈ।'

**106.** ਸੂਖਮ ਕਲਾ ਕਿਸ ਨੂੰ ਆਖਿਆ ਗਿਆ ਹੈ?

(1) ਫ਼ਿਲਮਾਂ ਨੂੰ

(2) ਸਾਹਿਤ ਨੂੰ

(3) ਸਰੂਪ ਨੂੰ

(4) ਵਿਚਾਰਵਾਨਾ ਨੂੰ

**107.** 'ਕਲਾ-ਕਲਾ ਲਈ' ਸਿਧਾਂਤ ਵਾਲੇ ਸਾਹਿਤ ਦਾ ਕੀ ਮਨੋਰਥ ਦੱਸਦੇ ਹਨ?

Prepp
Your Personal Exams Guide

(1) ਜਨਤਾ ਦੀ ਅਗਵਾਈ

(2) ਮਨੁੱਖ ਜਾਤੀ ਦਾ ਭਲਾ

(3) ਉਚੇਰਾ ਕਰਮ

(4) ਨਿਰੋਲ ਸੁਹਜ-ਸੁਆਦ

**108.** ਸਾਹਿਤ ਜਨਤਾ ਦੀ ਕੀ ਹੈ?

(1) ਵਿਗਿਆਨਕ ਸੋਚ

(2) ਕਲਾ

(3) ਡੰਗੋਰੀ

(4) ਉਤਮ ਫਰਜ਼

**109.** ਉਪਰੋਕਤ ਪੈਰੇ ਦਾ ਢੁੱਕਣਾਂ ਸਿਰਲੇਖ ਦੱਸੋ :

(1) ਕਹਾਣੀ

(2) ਕਵਿਤਾ

(3) ਸਾਹਿਤ ਤੇ ਵਿਗਿਆਨ

(4) ਸਾਹਿਤ ਕੀ ਹੈ?

www.prepp.in

**110.** ਹੇਠ ਲਿਖਿਆਂ ਵਿਚੋਂ ਸਮਾਸੀ ਸ਼ਬਦ ਚੁਣੋ :

(1) ਨਵੀਂ-ਦ੍ਰਿਸ਼ਟੀ

(2) ਸੁਹਜ-ਸੁਆਦ

(3) ਬੇਜ਼ਬਾਨ-ਜਨਤਾ

(4) ਗੁਪਤ-ਵੈਰੀ

**111.** 'ਸ਼ੁਭ' ਸ਼ਬਦ ਦਾ ਵਿਰੋਧੀ ਸ਼ਬਦ ਚੁਣੋ :

(1) ਗ਼ੈਰ ਸ਼ੁਭ

(2) ਅਸ਼ੁਭ

(3) ਨਾਸ਼ੁਭ

(4) ਸ਼ੁਭਹੀਨ

**112.** 'ਸਾਹਿਤ' ਸ਼ਬਦ ਦਾ ਬਹੁ-ਵਚਨ ਦੱਸੋ :

Prepp
Your Personal Exams Guide

(1) ਸਾਹਿਤ

(2) ਸਾਹਿਤਾਂ

(3) ਸਾਹਿਤਾਵਾਂ

(4) ਬਹੁਤੇ ਸਾਹਿਤ

**113.** 'ਗੁਪਤ' ਸ਼ਬਦ ਦਾ ਅਰਥ ਦੱਸੋ :

(1) ਸਪਸ਼ਟ

(2) ਸਾਹਮਣੇ

(3) ਗੁੱਝਾ

(4) ਖੁੱਲ੍ਹੇਆਮ

**114.** ਸਾਹਿਤ-ਲਿਖਤਾਂ ਦਾ ਹੋਰ ਲਿਖਤਾਂ ਨਾਲ ਵਖਰੇਵੇਂ ਦਾ ਕੀ ਕਾਰਨ ਹੈ?

(1) ਸੁਹਜ-ਸੁਆਦ ਹੋਣਾ

(2) ਉਚੇਰਾ ਕਰਮ ਹੋਣਾ

(3) ਗੁਪਤ ਵੈਰੀ ਹੋਣਾ

(4) ਜਨਤਾ ਦੀ ਸੇਵਾ

*ਨਿਰਦੇਸ਼* : ਹੇਠਾਂ ਦਿੱਤੀ ਕਾਵਿ–ਟੁਕੜੀ ਨੂੰ ਪੜ੍ਹ ਕੇ ਉਸ ਹੇਠਾਂ ਦਿੱਤੇ ਪ੍ਰਸ਼ਨਾਂ (ਪ੍ਰ.ਨੰ. **115–120**) ਦੇ ਢੁਕਵੇਂ ਉੱਤਰ ਦਿਉ:

www.prepp.in

ਮੈਂ ਰਾਜੇ ਦੀ ਬਰਦੀ ਅੜਿਆ,
ਤੂੰ ਰਾਜੇ ਦਾ ਜਾਇਆ,
ਤੂਹੀਉਂ ਦੱਸ ਵੇ ਮੋਹਰਾਂ ਸਾਹਵੇਂ
ਮੁੱਲ ਦੀਹ ਖੋਵਣ ਧੇਲੇ?
ਸਿਖਰ ਦੁਪਹਿਰਾਂ ਜੇਠ ਦੀਆਂ ਨੂੰ
ਸਾਉਣ ਕਿਵੇਂ ਮੈਂ ਆਖਾਂ
ਚੌਹੀਂ ਕੂਟੀਂ ਭਾਵੇਂ ਲੱਗਣ
ਲੱਖ ਤੀਆਂ ਦੇ ਮੇਲੇ
ਤੇਰੀ ਮੇਰੀ ਪ੍ਰੀਤ ਦਾ ਅੜਿਆ
ਓਹੀਓ ਹਾਲ ਸੂ ਹੋਇਆ
ਜਿਉਂ ਚਕਵੀ ਪਹਿਚਾਣ ਨਾ ਸੱਕੇ
ਚੰਨ ਚੜ੍ਹਿਆ ਦਿਹੁੰ ਵੇਲੇ।

**115.** ਉਪਰੋਕਤ ਕਾਵਿ–ਟੁੱਕੜੀ ਸ਼ਿਵ ਕੁਮਾਰ ਦੀ ਕਿਹੜੀ ਕਵਿਤਾ ਵਿਚੋਂ ਲਈ ਗਈ ਹੈ?

(1) ਆਟੇ ਦੀਆਂ ਚਿੜੀਆਂ

(2) ਕੰਡਿਆਲੀ ਥੋਹ੍ਰ

(3) ਲੂਣਾ

(4) ਮੈਨੂੰ ਵਿਦਾ ਕਰੋ

**116.** ਉਪਰੋਕਤ ਕਾਵਿ–ਸਤਰਾਂ ਵਿਚ 'ਬਰਦੀ' ਸ਼ਬਦ ਦਾ ਕੀ ਅਰਥ ਹੈ?

(1) ਵਰਦੀ

(2) ਬਦਲੀ

(3) ਮਾਲਕਣ

(4) ਦਾਸੀ

**117.** 'ਰਾਜੇ ਦਾ ਜਾਇਆ' ਤੁਕ ਤੋਂ ਕੀ ਭਾਵ ਹੈ?

Prepp
Your Personal Exams Guide

(1) ਰਾਜੇ ਦੇ ਘਰ ਜਾਣ ਵਾਲਾ

(2) ਰਾਜੇ ਦਾ ਮਾਮਾ

(3) ਰਾਜੇ ਦਾ ਪੁੱਤਰ

(4) ਰਾਜੇ ਦਾ ਤਾਇਆ

**118.** ਉਪਰੋਕਤ ਕਵਿਤਾ ਵਿਚ ਵਰਤੇ ਗਏ ਸ਼ਬਦ 'ਜੇਠ' ਤੇ 'ਸਾਉਣ' ਕੀ ਹਨ?

(1) ਦੇਸੀ ਮਹੀਨੇ

(2) ਮੇਲੇ

(3) ਰਿਸ਼ਤੇਦਾਰ

(4) ਆਰਾਮ ਕਰਨ ਦੀਆਂ ਕਿਰਿਆਵਾਂ

**119.** 'ਚੰਨ ਚੜ੍ਹਿਆ ਦਿਹੁੰ ਵੇਲੇ' ਤੋਂ ਕੀ ਭਾਵ ਹੈ?

(1) ਸ਼ਾਮ ਵੇਲੇ ਚੰਨ ਚੜ੍ਹਨਾ

(2) ਦਿਨ ਵੇਲੇ ਚੰਨ ਚੜ੍ਹਨਾ

(3) ਰਾਤ ਵੇਲੇ ਚੰਨ ਚੜ੍ਹਨਾ

(4) ਦੋਵੇਂ ਵੇਲੇ ਚੰਨ ਚੜ੍ਹਨਾ

**120.** ਇਸ ਕਾਵਿ–ਟੁਕੜੀ ਵਿਚ ਸੰਬੋਧਨ ਕਰਤਾ ਕਿਸ ਦਾ ਵਾਸਤਾ ਪਾ ਰਹੀ ਹੈ?

(1) ਮਜ਼ਦੂਰੀ ਦਾ

(2) ਤੀਆਂ ਦੇ ਮੇਲੇ ਦਾ

(3) ਪਿਆਰ ਦਾ

(4) ਮੋਹਰਾਂ ਦਾ

Prepp
Your Personal Exams Guide

ਉਮੀਦਵਾਰ **ਭਾਗ–V** ਦੇ ਪ੍ਰਸ਼ਨ (ਪ੍ਰ.ਨੰ. **121–150**) ਤਾਂ ਹੀ ਹੱਲ ਕਰਨ ਜੇਕਰ ਉਨ੍ਹਾਂ ਨੇ ਪੰਜਾਬੀ **ਭਾਸ਼ਾ–II** ਚੋਣ ਕੀਤੀ ਹੈ।

Candidates should attempt the questions from **Part–V (Q. Nos. 121–150)**, if they have opted **PUNJABI** as **Language–II** only.

# Part—V / ਭਾਗ–V

## Language—II / ਭਾਸ਼ਾ–II

## Punjabi / ਪੰਜਾਬੀ

Prepp
Your Personal Exams Guide

ਉਮੀਦਵਾਰ **ਭਾਗ–V** (ਪ੍ਰ.ਨੰ. **121–150**) ਦੇ ਪ੍ਰਸ਼ਨ ਤਾਂ ਹੀ ਹੱਲ ਕਰਨ ਜੇਕਰ ਉਨ੍ਹਾਂ ਨੇ ਪੰਜਾਬੀ ਨੂੰ **ਭਾਸ਼ਾ–II** ਵਜੋਂ ਕੀਤੀ ਹੈ।

***ਨਿਰਦੇਸ਼*** : ਹੇਠ ਲਿਖੇ ਪ੍ਰਸ਼ਨਾਂ (ਪ੍ਰ.ਨੰ. **121-135**) ਦੇ ਉੱਤਰ ਬਹੁਤ ਹੀ ਢੁੱਕਵੇਂ ਵਿਕਲਪਾਂ ਨਾਲ ਦਿਉ :

**121.** ਇਕ ਸਮਾਵੇਸ਼ੀ ਜਮਾਤ ਵਿਚ ਬੱਚੇ ਵਧੇਰੇ ਗ਼ਲਤੀਆਂ ਕਿਸ ਵਿਚ ਕਰਦੇ ਹਨ?

(1) ਪੜ੍ਹਨ

(2) ਲੇਖਨ

(3) ਬੋਲਣ

(4) ਉਪਰੋਕਤ ਸਾਰੇ

**122.** 'ਵਿਆਕਰਨ ਵਿਵਹਾਰਕ ਅਤੇ ਸਿਧਾਂਤਕ ਦੋਵੇਂ ਹੈ।' ਇਸ ਕਥਨ ਨਾਲ ਤੁਸੀਂ ਕਿਸ ਹੱਦ ਤਕ ਸਹਿਮਤ ਹੋ?

(1) ਪੂਰੀ ਤਰ੍ਹਾਂ

(2) ਆਂਸ਼ਿਕ ਰੂਪ ਵਿਚ

(3) ਅਸਹਿਮਤ

(4) ਸਹਿਮਤ ਵੀ ਹਾਂ ਨਹੀਂ ਵੀ

**123.** ਵਿਦਿਆਰਥੀਆਂ ਵਿਚ ਉੱਚ ਪ੍ਰਾਥਮਿਕ ਜਾਂ ਮਧਿਅਮਕ ਪੱਧਰ ਉਪਰ ਭਾਸ਼ਾ ਪ੍ਰਤੀ ਰੁਚੀ ਜਗਾਉਣ ਲਈ ਇਹ ਜ਼ਰੂਰੀ ਹੈ ਕਿ

(1) ਵਿਦਿਆਰਥੀਆਂ ਨੂੰ ਪੁਸਤਕਾਂ ਪੜ੍ਹਨ ਲਈ ਕਿਹਾ ਜਾਵੇ।

(2) ਵਿਦਿਆਰਥੀਆਂ ਨੂੰ ਮੌਖਿਕ ਰੂਪ ਵਿਚ ਵੱਧ ਤੋਂ ਵੱਧ ਸਮਝਾਇਆ ਜਾਵੇ।

(3) ਵਿਦਿਆਰਥੀਆਂ ਨੂੰ ਵਧੇਰੇ ਸੁਲੇਖ (ਬੋਲ ਕੇ ਲਿਖਾਉਣਾ) ਦਿੱਤਾ ਜਾਵੇ।

(4) ਵਿਦਿਆਰਥੀਆਂ ਦੇ ਵਿਆਕਰਨਕ ਗਿਆਨ ਨੂੰ ਵਧਾਇਆ ਜਾਏ।

**124.** ਮੌਖਿਕ ਪ੍ਰਸਤੁਤੀਕਰਨ ਲਈ ਹੇਠ ਲਿਖਿਆਂ ਵਿਚੋਂ ਕਿਹੜੀ ਵਿਧੀ ਢੁੱਕਵੀਂ ਨਹੀਂ ਹੈ?

(1) ਸਵਰ ਪ੍ਰਸਤੁਤੀਕਰਨ

(2) ਕਵਿਤਾ-ਪਾਠ

(3) ਸਨਮੁਖ ਪ੍ਰਸਤੁਤੀਕਰਨ

(4) ਸੰਕੇਤਕ ਭਾਸ਼ਾ ਦੇ ਮਾਧਿਅਮ ਨਾਲ ਪ੍ਰਸਤੁਤੀਕਰਨ

www.prepp.in
Prepp Your Personal Exams Guide

**125.** ''ਮਨੁੱਖ ਦੇ ਸੰਗਿਆਨਾਤਮਕ ਵਿਕਾਸ ਵਿਚ ਮਾਂ-ਬੋਲੀ ਉਨੀ ਹੀ ਮਹੱਤਵਪੂਰਨ ਹੈ ਜਿਨ੍ਹਾਂ ਮਾਂ ਦਾ ਦੁੱਧ।'' ਇਹ ਕਥਨ ਕਿਸਦਾ ਹੈ?

(1) ਰਾਜਰਿਸ਼ੀ ਟੰਡਨ

(2) ਰਾਏਬਰਨ

(3) ਮਹਾਤਮਾ ਗਾਂਧੀ

(4) ਵਿਵੇਕਾਨੰਦ

**126.** ਜਦੋਂ ਵਿਦਿਆਰਥੀਆਂ ਨੂੰ ਅਜਿਹੀ ਭਾਸ਼ਾ ਦੇ ਮਾਧਿਅਮ ਨਾਲ ਪੜ੍ਹਾਇਆ ਜਾਂਦਾ ਹੈ, ਜਿਸਦੀ ਉਨ੍ਹਾਂ ਨੂੰ ਜਾਣਕਾਰੀ ਨਹੀਂ ਹੁੰਦੀ ਤਾਂ –

(1) ਸਮੁੱਚਾ ਧਿਆਨ ਦੇਣਾ ਸੰਭਵ ਨਹੀਂ।

(2) ਵਿਦਿਆਰਥੀ ਰੱਟਾ ਲਾਉਣ ਜਾਂ ਕਿਸੇ ਤਰ੍ਹਾਂ ਯਾਦ ਰੱਖਣ ਦੀ ਆਦਤ ਪਾ ਲੈਂਦੇ ਹਨ।

(3) ਵਿਦਿਆਰਥੀਆਂ ਦੀ ਪੜ੍ਹਾਈ ਵਿਚ ਰੁੱਚੀ ਘਟਣ ਲਗਦੀ ਹੈ।

(4) ਇਹ ਸਾਰੇ।

**127.** ਭਾਸ਼ਾ ਦੇ ਅਧਿਆਪਨ ਵਿਚ ਆਤਮਸਾਤੀਕਰਨ (Internalisation) ਦਾ ਸਭ ਤੋਂ ਵੱਧ ਮਹੱਤਵਪੂਰਨ ਪੱਥ ਹੈ

(1) ਸੁਣਨਾ ਅਤੇ ਪੜ੍ਹਨਾ

(2) ਸਿਰਫ਼ ਸੁਣਨਾ

(3) ਸਿਰਫ਼ ਪੜ੍ਹਨਾ

(4) ਸਿਰਫ਼ ਲਿਖਣਾ

**128.** ਭਾਸ਼ਾ ਦੇ ਅਧਿਆਪਨ ਵਿਚ ਪਾਠ ਸਮੱਗਰੀ ਦੀ ਸਭ ਤੋਂ ਵੱਡੀ ਚੁਣੌਤੀ ਹੈ

(1) ਘੱਟ ਸਮੇਂ ਵਿਚ ਵਧੇਰੇ ਜਾਣਕਾਰੀ ਉਪਲਬਧ ਕਰਾਉਣੀ

(2) ਪਾਠ ਸਾਮੱਗਰੀ ਦੇ ਕਠਿਨ ਬਿੰਦੂਆਂ ਦੀ ਢੁੱਕਵੀਂ ਵਿਆਖਿਆ ਕਰਨੀ

(3) ਵਿਦਿਆਰਥੀਆਂ ਦਾ ਪਾਠ ਪ੍ਰਤੀ ਧਿਆਨ ਆਕਰਸ਼ਿਤ ਕਰਨਾ

(4) ਅਧਿਆਪਕਾਂ ਨੇ ਅਧਿਆਪਨ ਵਿਚ ਘੱਟ ਮਿਹਨਤ ਕਰਨੀ

**129.** ''ਬੁੱਧੀਮਾਨ ਵਿਦਿਆਰਥੀਆਂ ਦਾ ਉਚਾਰਨ ਅਤੇ ਸ਼ਬਦ-ਗਿਆਨ ਬਿਹਤਰ ਹੁੰਦਾ ਹੈ।'' ਇਹ ਕਥਨ ਕਿਸਦਾ ਹੈ?

(1) ਟਰਮਨ (Terman)

(2) ਫਿਸ਼ਰ (Fisher)

(3) ਥਾਂਬਾ (Thamba)

(4) ਇਹ ਸਾਰੇ

**130.** ਸ਼ਬਦਾਂ ਦਾ ਅਰਥ ਸਪਸ਼ਟ ਕਰਨ ਨਾਲੋਂ ਬਿਹਤਰੀਨ ਵਿਧੀ ਹੈ –

(1) ਸ਼ਬਦਾਂ ਦੀ ਵਿਆਖਿਆ

(2) ਸ਼ਬਦਕੋਸ਼ ਦੀ ਵਰਤੋਂ

(3) ਵਿਦਿਆਰਥੀਆਂ ਨੂੰ ਵਾਕਾਂ ਵਿਚ ਸ਼ਬਦਾਂ ਦੀ ਵਰਤੋਂ ਰਾਹੀਂ ਪੂਰਵ ਅਨੁਮਾਨ ਲਗਾਉਣ ਦਾ ਮੌਕਾ ਦੇਣਾ

(4) ਭਾਸ਼ਾ ਦੇ ਅਧਿਆਪਨ ਰਾਹੀਂ ਸ਼ਬਦਾਂ ਦੇ ਅਰਥ ਸਪਸ਼ਟ ਕਰਨਾ

www.prepp.in

**131.** ਹੇਠ ਲਿਖਿਆਂ ਵਿਚੋਂ ਕਿਹੜੀ, ਪਾਠ-ਪੁਸਤਕ ਦੇ [illegible] ਦੂਜੀ ਭਾਸ਼ਾ ਨੂੰ ਸਿੱਖਣ ਵਿਚ ਸਹਾਇਕ ਹੈ?

(1) ਪ੍ਰਕਿਰਤਕ ਪਹੁੰਚ

(2) ਭਾਸ਼ਾ-ਪ੍ਰਵਾਹ

(3) ਵਿਆਕਰਨਕ ਅਨੁਵਾਦ ਦੀ ਵਿਧੀ

(4) ਸਥਿਤੀਜਨਕ ਪਹੁੰਚ

**132.** ਗ਼ਲਤ ਪੜ੍ਹਨ ਦੀ ਆਦਤ ਦਾ ਇਕ ਕਾਰਨ ਹੈ :

(1) ਬਹੁਭਾਸ਼ਾਵਾਦ

(2) ਦੁਭਾਸ਼ਾਵਾਦ

(3) ਜਮਾਤ ਵਿਚ ਵਧੇਰੇ ਵਿਦਿਆਰਥੀਆਂ ਦਾ ਹੋਣਾ

(4) ਪੜ੍ਹਦੇ ਸਮੇਂ ਉਂਗਲੀ ਉਠਾਉਣੀ ਜਾਂ ਅੱਖ ਵੱਲ ਉਂਗਲੀ ਕਰਕੇ ਨਿਰਦੇਸ਼ ਦੇਣਾ

**133.** ਹੇਠ ਲਿਖਿਆਂ ਵਿਚੋਂ ਕਿਹੜੀ ਅਧਿਐਨ ਤੇ ਅਧਿਆਪਨ (teaching and learning) ਕਠਿਨਾਈ ਨੂੰ ਸ਼ਬਦ-ਗਿਆਨ ਵਿਧੀ (ਪੁਰਾਣੀ ਵਿਧੀ) ਨਾਲ ਹੱਲ ਕੀਤਾ ਜਾ ਸਕਦਾ ਹੈ?

(1) ਵਾਕ-ਬਣਤਰ ਦੇ ਕ੍ਰਮ ਵਿਚ ਸਹਾਇਤਾ ਕਰਨਾ

(2) ਸ਼ੁੱਧ ਉਚਾਰਨ

(3) ਵਿਦਿਆਰਥੀ ਮੁਸ਼ਕਿਲ ਦਾ ਸਾਹਮਣਾ ਨਾ ਕਰਨ

(4) ਇਹ ਸਾਰੇ

**134.** ਹੇਠ ਲਿਖਿਆਂ ਵਿਚੋਂ ਕਿਹੜਾ ਕੌਸ਼ਲ ਉਦੇਸ਼ਾਂ (Skill objectives) ਨਾਲ ਸੰਬੰਧਤ ਨਹੀਂ ਹੈ?

(1) ਪੜ੍ਹਨਾ

(2) ਲਿਖਣਾ

(3) ਸੁਣਨਾ

(4) ਭਾਸ਼ਾ ਵਿਚ ਰੁਚੀ

**135.** ਭਾਸ਼ਾ ਦੇ ਵਿਕਾਸ ਨੂੰ ਪ੍ਰਭਾਵਿਤ ਕਰਨ ਵਾਲਾ ਕਾਰਕ ਹੈ

(1) ਸਿਹਤ

(2) ਬੁੱਧੀ

(3) ਵਿਅਕਤੀਆਂ ਵਿਚ ਅੰਤਰ

(4) ਇਹ ਸਾਰੇ

Prepp Your Personal Exams Guide

www.prepp.in
Prepp
Your Personal Exams Guide

***ਨਿਰਦੇਸ਼*** : ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਉਸ ਹੇਠਾਂ ਦਿੱਤੇ ਪ੍ਰਸ਼ਨਾਂ (ਪ੍ਰ.ਨੰ. **136–143**) ਦੇ ਢੁੱਕਵੇਂ ਉੱਤਰ ਦਿਉ:

ਜ਼ਿੰਦਗੀ ਦਾ ਕੋਈ ਹੁਨਰ ਸਾਹਿਤ ਵਰਗੀ ਅਕਲ ਤੇ 'ਦੂਰ–ਦ੍ਰਿਸ਼ਟੀ' ਦਾ ਮਾਲਕ ਨਹੀਂ। ਸਾਹਿਤਕ ਕੀਮਤਾ ਜੇਡੀਆਂ 'ਚਿਰੰਜੀਵ' ਕੀਮਤਾਂ ਵੀ ਹੋਰ ਕੋਈ ਨਹੀਂ। ਸਾਹਿਤਕਾਰਾਂ ਨੇ ਹਰ ਸਮੇਂ ਜਿਸ ਸਿਖ਼ਰ ਨੂੰ ਵੀ ਛੋਹਿਆ, ਉਹ ਸਿਖ਼ਰ ਅਜੇ ਵੀ ਅਛੂਹ ਦਿੱਸਦੀ ਹੈ। ਕਾਲੀਦਾਸ, ਸ਼ੈਕਸਪੀਅਰ, ਗੇਟੇ, ਵਿਟਮੈਨ, ਗੋਰਕੀ ਤੇ ਟੈਗੋਰ ਹਰ ਯੁਗ ਵਿਚ ਮਨੁੱਖੀ ਦਿਲ ਤੇ ਹੁਨਰ ਦੇ ਸਵਾਮੀ ਮੰਨੇ ਜਾਣਗੇ। ਕਾਰਨ ਇਹਦਾ ਇਹ ਕਿ ਸਾਹਿੱਤਕਾਰ ਮਨੁੱਖਤਾ ਦੀਆਂ ਅਮਰ ਕੀਮਤਾਂ ਦਾ ਪਾਰਖੂ ਤੇ ਸ਼ਬਦਾਂ ਦਾ ਜਾਦੂਗਰ ਹੁੰਦਾ ਹੈ। ਅਮਰ ਕੀਮਤਾਂ ਬਦਲਦੀਆਂ ਨਹੀਂ ਤੇ ਸ਼ਬਦ–ਚਿਤਰ ਲਾਸਾਨੀ ਹੁੰਦੇ ਹਨ। ਮਨੁੱਖੀ ਮਨ ਦੀ ਮਹਾਨਤਾ ਸਦਾ ਨੀਵੇਂ ਰਹਿਣ ਦੀ ਉਛਾਲੀ ਸਿੱਕ, ਪੁਰਾਤਨਤਾ ਨਾਲ 'ਅਮੁੱਕ ਸੰਗਰਾਮ', ਅਗਾਂਹ ਵਧਣ ਦੀ ਲਾਲਸਾ, ਰੁਕਾਵਟਾਂ ਨਾਲ ਅੜ ਖਲੋਣਾ, ਦਿਲ ਜਿੱਤਣ ਦੀ ਤਮੰਨਾ, ਖ਼ੂਬਸੂਰਤੀ ਨਾਲ ਇਸ਼ਕ ਪੂਰਨ ਹੋਣ ਤੇ ਫ਼ਤਿਹ ਪਾਉਣ ਵਿਚ ਆਖ਼ਰੀ ਦਮ ਤਕ ਭਰੋਸਾ ਬੇ–ਬਦਲ ਰਹੀਆਂ ਤੇ ਸਦਾ ਬੇ–ਬਦਲ ਹੀ ਰਹਿਣਗੀਆਂ। ਇਹ ਮਨੁੱਖੀ ਕੀਮਤਾਂ ਤੇ ਅਮਰ ਰਹੇਗਾ ਇਨ੍ਹਾਂ ਦਾ ਵਣਜਾਰਾ ਸਾਹਿਤ।

**136.** ਮਹਾਨ ਕੌਣ ਹੈ?

(1) ਫ਼ਤਿਹ

(2) ਯੁਗ

(3) ਸਾਹਿਤਕਾਰ

(4) ਭਰੋਸਾ

**137.** ਪੈਰੇ ਅਨੁਸਾਰ ਹਰ ਯੁਗ ਦੇ ਸਵਾਮੀ ਕੌਣ ਹੋਣਗੇ?

(1) ਲੇਖਕ

(2) ਆਸ਼ਕ

(3) ਸੁਤਰਤਾ ਸੰਗਰਾਮੀਏ

(4) ਖ਼ਲ ਪਾਤਰ

**138.** ਕੀ ਨਹੀਂ ਬਦਲ ਦਾ?

(1) ਰੁਕਾਵਟਾਂ

(2) ਆਸ਼ਕ

(3) ਸੌੜੀ ਸੋਚ

(4) ਅਮਰ ਕੀਮਤਾਂ

**139.** 'ਲਾਲਸਾ' ਸ਼ਬਦ ਦਾ ਅਰਥ ਚੁਣੋ :

(1) ਬਦਲਣਾ

(2) ਲਾਲਚ

(3) ਕੀਮਤ

(4) ਜਾਦੂਗਰ

**140.** 'ਚਿਰੰਜੀਵ' ਸ਼ਬਦ ਦਾ ਵਿਰੋਧੀ ਸ਼ਬਦ ਦੱਸੋ :

(1) ਪੁਰਾਤਨ

(2) ਪ੍ਰਾਚੀਨ

(3) ਲਾਸਾਨੀ

(4) ਥੁੜ੍ਹਚਿਰਾ

**141.** 'ਬਦਲ' ਨਾਂਵ ਦਾ ਵਿਸ਼ੇਸ਼ਣ ਬਣਾਉ –
www.prepp.in

(1) ਬਦਲੀ

(2) ਬਦਲਿਆ ਹੋਇਆ

(3) ਬਦਲ ਗਿਆ

(4) ਬਦਲਣਸ਼ੀਲ

**142.** ਉਪਰੋਕਤ ਪੈਰੇ ਦਾ ਢੁੱਕਵਾਂ ਸਿਰਲੇਖ ਚੁਣੋ :

(1) ਸਿਖ਼ਰ

(2) ਸਾਹਿਤ ਤੇ ਸਾਹਿਤਕਾਰ

(3) ਅਛੂਹ

(4) ਸ਼ਬਦ–ਚਿਤ੍ਰ

**143.** ਹੇਠ ਲਿਖਿਆਂ ਵਿਚੋਂ ਸਮਾਸੀ ਸ਼ਬਦ ਚੁਣੋ :

(1) ਸਾਹਿਤਕਾਰ–ਮਨੁੱਖਤਾ

(2) ਦਮ–ਤਕ

(3) ਸ਼ਬਦ–ਚਿੱਤ੍ਰ

(4) ਇਸ਼ਕ–ਪੂਰਨ

***ਨਿਰਦੇਸ਼*** : ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਉਸ ਹੇਠਾਂ ਦਿੱਤੇ ਪ੍ਰਸ਼ਨਾਂ (ਪ੍ਰ.ਨੰ. **144–150**) ਦੇ ਢੁੱਕਵੇਂ ਉੱਤਰ ਦਿਉ:

ਇਹ ਇਕ ਸਚਿਆਈ ਹੈ ਕਿ ਅਜੋਕੇ ਵਿਗਿਆਨਕ ਯੁੱਗ ਵਿਚ ਮਨੁੱਖ ਵਿਅਕਤੀਵਾਦੀ ਹੁੰਦਾ ਜਾ ਰਿਹਾ ਹੈ। ਉਹ ਕਿਸੇ ਹੋਰ ਨਾਲ ਏਥੋਂ ਤੀਕ ਕਿ ਗੁਆਂਢੀ ਨਾਲ ਵੀ ਗੱਲ ਕਰਨੀ ਫ਼ਜ਼ੂਲ ਸਮਝਦਾ ਹੈ। ਏਸੇ ਲਈ ਤਾਂ ਕਿਹਾ ਜਾਂਦਾ ਹੈ ਕਿ ਮੇਲਿਆਂ ਵਿਚ ਜਾਨ ਪੇਂਡੂਆਂ ਕਰਕੇ ਹੀ ਹੈ। ਜੇ ਵਿਅਕਤੀਵਾਦ ਨੇ ਪੇਂਡੂ ਜੀਵਨ ਵਿਚ ਵੀ ਪ੍ਰਵੇਸ਼ ਕਰ ਲਿਆ ਤਾਂ ਮੇਲੇ ਨਾਂ ਨੂੰ ਹੀ ਰਹਿ ਜਾਣਗੇ। ਸੋ ਸਮੇਂ ਦੀ ਮੰਗ ਹੈ ਕਿ ਅਸੀਂ ਆਪਣੇ ਮੇਲਿਆਂ ਦੀ ਰੂਹ ਨੂੰ ਜੀਉਂਦਾ ਰੱਖਣ ਲਈ ਨਵੀਂਆਂ ਸੇਧਾਂ ਸਥਾਪਤ ਕਰੀਏ। ਜੇ ਕੋਈ ਸ਼ਹਿਰੀ ਵਿਸਾਖੀ ਰੁੱਤ–ਬਦਲੀ ਕਰਕੇ ਮਨਾਉਣਾ ਫ਼ਜ਼ੂਲ ਸਮਝਦਾ ਹੈ ਤਾਂ ਉਹ ਇਸ ਲਈ ਮਨਾਉਣ ਵਿਚ ਉਤਸੁਕ ਹੋਵੇ ਕਿ ਇਸ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਖਲਸਾ ਪੰਥ ਸਾਜਿਆ ਜਾਂ ਜਲ੍ਹਿਆਂ ਵਾਲੇ ਬਾਗ ਵਿਚ ਪੰਜਾਬੀਆਂ ਨੇ ਕੁਰਬਾਨੀਆਂ ਦਿੱਤੀਆਂ। ਇਵੇਂ ਹੋਰਨਾਂ ਮੇਲਿਆਂ ਲਈ ਸੇਧਾਂ ਮਿਥੀਆਂ ਜਾ ਸਕਦੀਆਂ ਹਨ। ਸਪਸ਼ਟ ਹੈ ਕਿ ਇਹ ਮੇਲੇ ਹੀ ਪੰਜਾਬ ਨੂੰ ਰੰਗੀਨੀ ਪ੍ਰਦਾਨ ਕਰਦੇ ਹਨ।

**144.** ਮੇਲਿਆਂ ਵਿਚ ਦਿਲਚਸਪੀ ਘਟਣ ਦਾ ਕੀ ਕਾਰਨ ਹੈ?

(1) ਫ਼ਿਲਮਾਂ

(2) ਵਿਅਕਤੀਵਾਦ

(3) ਦੂਰਦਰਸ਼ਨ

(4) ਮੋਬਾਈਲ

**145.** 'ਰੁਚੀ' ਸ਼ਬਦ ਦਾ ਸਮਾਨਾਰਥਕ ਸ਼ਬਦ ਚੁਣੋ :

(1) ਨਾਪਸੰਦਗੀ

(2) ਘਿਰਣਾ

(3) ਨਫ਼ਰਤ

(4) ਦਿਲਚਸਪੀ

www.prepp.in

Prepp Your Personal Exams Guide

**146.** ਮੇਲਿਆਂ ਦੀ ਜਿੰਦ-ਜਾਨ ਕੌਣ ਹਨ?

(1) ਪੇਂਡੂ ਲੋਕ

(2) ਸ਼ਹਿਰੀ ਲੋਕ

(3) ਵਿਦੇਸ਼ੀ ਲੋਕ

(4) ਵਿਅਕਤੀਵਾਦੀ ਲੋਕ

**147.** ਖ਼ਾਲਸਾ ਪੰਥ ਦੀ ਸਾਜਨਾ ਕਦੋਂ ਹੋਈ?

(1) ਸ਼ਹਿਰਾਂ ਦੀ ਸਥਾਪਨਾ ਸਮੇਂ

(2) ਆਜ਼ਾਦੀ ਦਿਵਸ ਵਾਲੇ ਦਿਨ

(3) ਵਿਸਾਖੀ ਵਾਲੇ ਦਿਨ

(4) ਦੀਵਾਲੀ ਵਾਲੇ ਦਿਨ

**148.** ਹੇਠ ਲਿਖਿਆਂ ਵਿਚੋਂ ਸਮਾਸੀ ਸ਼ਬਦ ਚੁਣੋ :

(1) ਨਵੀਆਂ-ਸੋਧਾਂ

(2) ਰੁੱਤ-ਬਦਲੀ

(3) ਪੁਰਾਣੀ-ਰੰਗੀਨੀ

(4) ਵਿਗਿਆਨਕ-ਯੁਗ

**149.** 'ਸਚਿਆਈ' ਨਾਂਵ ਤੋਂ ਵਿਸ਼ੇਸ਼ਣ ਬ

(1) ਸੱਚਵਾਨ

(2) ਸੱਚ ਬੋਲਣ ਵਾਲਾ

(3) ਸੱਚਾ

(4) ਸੱਚ ਦਾ ਪੁਜਾਰੀ

**150.** 'ਸਾਜਿਆ' ਸ਼ਬਦ ਤੋਂ ਕੀ ਭਾਵ ਹੈ?

(1) ਸਥਾਪਤ ਕੀਤਾ

(2) ਖ਼ਤਮ

(3) ਨਿਰਾਸ਼ਾ

(4) ਸਮਾਪਤ

SPACE FOR ROUGH WORK

Prepp
Your Personal Exams Guide

www.prepp.in

SPACE FOR ROUGH WORK

Prepp
Your Personal Exams Guide

Prepp Your Personal Exam Guide

ਹੇਠ ਲਿਖਿਆਂ ਹਿਦਾਇਤਾਂ ਧਿਆਨ ਨਾਲ ਪੜ੍ਹੋ :

www.prepp.in

Prepp
Your Personal Exams Guide

1. ਵੱਖੋ-ਵੱਖਰੇ ਪ੍ਰਸ਼ਨਾ ਦੇ ਉੱਤਰ ਦੇਣ ਦੇ ਢੰਗ-ਤਰੀਕੇ ਟੈਸੱਟ ਬੁਕਲਿਟ ਵਿਚ ਵਿਸਤਾਰਪੂਰਵਕ ਦਿੱਤੇ ਗਏ ਹਨ। ਲਾਜ਼ਮੀ ਰੂਪ ਵਿਚ ਪ੍ਰਸ਼ਨਾ ਦੇ ਉੱਤਰ ਦੇਣ ਤੋਂ ਪਹਿਲਾਂ ਇਨ੍ਹਾਂ ਨੂੰ ਧਿਆਨ ਨਾਲ ਪੜ੍ਹੋ।
2. ਹਰੇਕ ਪ੍ਰਸ਼ਨ ਲਈ ਦਿੱਤੇ ਗਏ ਚਾਰ ਵਿਕਲਪਾਂ ਵਿੱਚੋਂ ਸਹੀ ਉੱਤਰ ਲਈ ਓ.ਐਮ.ਆਰ. (OMR) ਉੱਤਰ-ਪੱਤਰ ਦੇ ਪੰਨਾ-2 ਵਿੱਚ ਇੱਕ ਗੋਲੇ ਨੂੰ ਹੀ ਪੂਰੀ ਤਰ੍ਹਾਂ ਕਾਲੇ/ਨੀਲੇ ਬਾਲ ਪੁਆਇੰਟ ਪੈਂਨ ਨਾਲ ਭਰੋ। ਇੱਕ ਵਾਰ ਉੱਤਰ ਭਰਨ ਤੋਂ ਬਾਅਦ ਉਸਨੂੰ ਬਦਲਿਆ ਨਹੀਂ ਜਾ ਸਕਦਾ।
3. ਪਰੀਖਿਆਰਥੀ ਇਸ ਗੱਲ ਦਾ ਧਿਆਨ ਦੇਣ ਕਿ ਉੱਤਰ-ਪੱਤਰ ਨੂੰ ਨਾ ਮੋੜਿਆ ਜਾਵੇ ਅਤੇ ਨਾ ਹੀ ਉਸ ਉਪਰ ਕੋਈ ਨਿਸ਼ਾਨ ਲਗਾਇਆ ਜਾਵੇ। ਪਰੀਖਿਆਰਥੀ ਆਪਣਾ ਰੋਲ ਨੰਬਰ ਉੱਤਰ-ਪੱਤਰ ਵਿੱਚ ਨਿਰਧਾਰਿਤ ਥਾਂ ਤੋਂ ਇਲਾਵਾ ਕਿਤੇ ਨਾ ਲਿਖਣ।
4. ਪਰੀਖਿਆ-ਪੁਸਤਿਕਾ ਅਤੇ ਉੱਤਰ-ਪੱਤਰ ਦੀ ਵਰਤੋਂ ਧਿਆਨ ਨਾਲ ਕਰੋ, ਕਿਉਂਕਿ ਕਿਸੀ ਵੀ ਪਰਿਸਥਿਤੀ ਵਿੱਚ (ਕੇਵਲ ਪਰੀਖਿਆ-ਪੁਸਤਿਕਾ ਅਤੇ ਉੱਤਰ-ਪੱਤਰ ਦੇ ਕੋਡ ਅਤੇ ਨੰਬਰ ਵਿੱਚ ਫ਼ਰਕ ਹੋਣ ਦੀ ਸਥਿਤੀ ਵਿੱਚ) ਦੂਜੀ ਪਰੀਖਿਆ-ਪੁਸਤਿਕਾ ਨਹੀਂ ਦਿੱਤੀ ਜਾਵੇਗੀ।
5. ਪਰੀਖਿਆ-ਪੁਸਤਿਕਾ/ਉੱਤਰ-ਪੱਤਰ ਵਿੱਚ ਦਿੱਤੇ ਗਏ ਪਰੀਖਿਆ-ਪੁਸਤਿਕਾ ਸੰਕੇਤ ਅਤੇ ਨੰਬਰ ਨੂੰ ਪਰੀਖਿਆਰਥੀ ਸਹੀ ਤਰੀਕੇ ਨਾਲ ਹਾਜਰੀ-ਪੱਤਰ ਵਿੱਚ ਲਿਖਣ।
6. ਮਸ਼ੀਨ OMR ਸ਼ੀਟ ਵਿਚ ਦਿੱਤੀ ਗਈ ਸੂਚਨਾ ਦੇ ਕੋਡਾਂ ਨੂੰ ਪੜ੍ਹੇਗੀ। ਇਸ ਲਈ ਕੋਈ ਵੀ ਜਾਣਕਾਰੀ ਅਧੂਰੀ ਨਹੀਂ ਰਹਿਣੀ ਚਾਹੀਦੀ। ਇਹ ਐਡਮਿਟ ਕਾਰਡ (ਦਾਖ਼ਲਾ ਕਾਰਡ) ਵਿਚ ਦਿੱਤੀ ਗਈ ਸੂਚਨਾ ਤੋਂ ਭਿੰਨ ਨਹੀਂ ਹੋਣੀ ਚਾਹੀਦੀ।
7. ਪਰੀਖਿਆਰਥੀ ਦੁਆਰਾ ਪਰੀਖਿਆ ਹਾਲ/ਕਮਰੇ ਵਿੱਚ ਪ੍ਰਵੇਸ਼ ਕਾਰਡ ਤੋਂ ਇਲਾਵਾ ਕਿਸੀ ਪ੍ਰਕਾਰ ਦੀ ਪਾਠ-ਸਮੱਗਰੀ, ਪ੍ਰਿੰਟਿਡ ਜਾਂ ਹੱਥ ਲਿਖਤ, ਕਾਗਜ਼ ਦੀਆਂ ਪਰਚੀਆਂ, ਪੇਜਰ, ਮੋਬਾਇਲ ਫੋਨ, ਇਲੈਕਟ੍ਰਾਨਿਕ ਯੰਤਰ ਜਾਂ ਕਿਸੀ ਹੋਰ ਪ੍ਰਕਾਰ ਦੀ ਸਮੱਗਰੀ ਨੂੰ ਲਿਜਾਣ ਦੀ ਜਾਂ ਵਰਤਣ ਦੀ ਇਜਾਜ਼ਤ ਨਹੀਂ ਹੈ।
8. ਮੋਬਾਇਲ ਫੋਨ, ਬਿਨਾ ਤਾਰ ਵਾਲੇ ਸੰਚਾਰ ਜੰਤਰ (ਇਥੋਂ ਤਕ ਕਿ ਬੰਦ ਹਾਲਤ ਵਿਚ ਹੀ) ਤੇ ਹੋਰ ਪਾਬੰਦੀਸ਼ੁਦਾ ਵਸਤਾਂ ਪ੍ਰੀਖਿਆ ਕੇਂਦਰ ਜਾ ਕਮਰਿਆਂ ਵਿਚ ਨਹੀਂ ਲਿਆਉਣੀਆਂ ਚਾਹੀਦੀਆਂ। ਇਸ ਨਿਰਦੇਸ਼ ਦਾ ਪਾਲਣ ਨਾ ਕਰਨ ਦੀ ਸੂਰਤ ਵਿਚ ਇਸ ਨੂੰ ਇਮਿਤਿਹਾਨ ਵਿਚ ਗੈਰ ਕਾਨੂੰਨੀ ਸਾਧਨਾਂ ਦੀ ਵਰਤੋਂ ਮੰਨਿਆਂ ਜਾਵੇਗਾ ਤੇ ਪ੍ਰੀਖਿਆ ਰਦ ਕਰਨ ਸਮੇਤ ਸੰਬੰਧਤ ਉਮੀਦਵਾਰ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ।
9. ਨਿਰੀਖਿਅਕ ਦੀ ਮੰਗ 'ਤੇ ਹਰੇਕ ਪਰੀਖਿਆਰਥੀ ਆਪਣਾ ਪ੍ਰਵੇਸ਼-ਕਾਰਡ ਜ਼ਰੂਰ ਦਿਖਾਏ।
10. ਕੇਂਦਰ ਸੁਪਰਿਨਟੈਂਡੈਂਟ ਜਾਂ ਨਿਰੀਖਿਅਕ ਦੀ ਖਾਸ ਇਜਾਜ਼ਤ ਤੋਂ ਬਿਨਾਂ ਪਰੀਖਿਆਰਥੀ ਆਪਣੀ ਸੀਟ ਨਾ ਛੱਡੇ।
11. ਨਿਰੀਖਿਅਕ ਨੂੰ ਆਪਣਾ ਉੱਤਰ-ਪੱਤਰ ਦਿੱਤੇ ਬਿਨਾ ਅਤੇ ਹਾਜ਼ਰੀ-ਪੱਤਰ ਉੱਤੇ ਦੁਬਾਰਾ ਦਸਖ਼ਤ ਕੀਤੇ ਬਿਨਾਂ ਪਰੀਖਿਆਰਥੀ, ਪਰੀਖਿਆ ਹਾਲ ਨੂੰ ਨਹੀਂ ਛੱਡਣਗੇ। ਜੇਕਰ ਕਿਸੀ ਪਰੀਖਿਆਰਥੀ ਨੇ ਦੂਜੀ ਬਾਰ ਹਾਜ਼ਰੀ-ਪੱਤਰ ਉੱਤੇ ਦਸਖ਼ਤ ਨਹੀਂ ਕੀਤੇ ਤਾਂ ਇਹ ਸਮਝਿਆ ਜਾਵੇਗਾ ਕਿ ਉਸਨੇ ਉੱਤਰ ਪੱਤਰ ਜਮ੍ਹਾ ਨਹੀਂ ਕਰਾਇਆ ਅਤੇ ਇਹ ਅਨੁਚਿਤ ਸਾਧਨ ਦਾ ਮਾਮਲਾ ਮੰਨਿਆ ਜਾਵੇਗਾ।
12. ਇਲੈਕਟ੍ਰਾਨਿਕ/ਹੱਥ ਨਾਲ ਚੱਲਣ ਵਾਲੇ ਕੈਲਕੂਲੇਟਰ ਦਾ ਇਸਤੇਮਾਲ ਵਰਜਿਤ ਹੈ।
13. ਪਰੀਖਿਆਰਥੀ ਪਰੀਖਿਆ ਹਾਲ ਵਿੱਚ ਬੋਰਡ ਦੇ ਸਾਰੇ ਨਿਯਮਾਂ, ਕਾਨੂੰਨਾ ਦੀ ਪਾਲਨਾ ਕਰੇਗਾ। ਅਨੁਚਿਤ ਸਾਧਨਾਂ ਦੇ ਸਾਰੇ ਮਾਮਲਿਆਂ ਲਈ ਫੈਸਲਾ ਬੋਰਡ ਦੇ ਨਿਯਮਾਂ ਕਾਨੂੰਨਾਂ ਅਨੁਸਾਰ ਹੋਵੇਗਾ।
14. ਕਿਸੇ ਵੀ ਸਥਿਤੀ ਵਿੱਚ ਪਰੀਖਿਆ-ਪੁਸਤਿਕਾ ਅਤੇ ਉੱਤਰ-ਪੱਤਰ ਦਾ ਕੋਈ ਭਾਗ ਅਲਗ ਨਾ ਕਰੋ।
15. **ਪਰੀਖਿਆ ਖ਼ਤਮ ਹੋਣ 'ਤੇ, ਪਰੀਖਿਆਰਥੀ ਹਾਲ/ਕਮਰਾ ਛੱਡਣ ਤੋਂ ਪਹਿਲਾਂ ਆਪਣਾ ਉੱਤਰ-ਪੱਤਰ ਆਪਣੇ ਕਮਰੇ ਦੇ ਨਿਰੀਖਿਅਕ ਨੂੰ ਸੌਂਪੇਗਾ। ਪਰੀਖਿਆਰਥੀ ਇਸ ਪਰੀਖਿਆ-ਪੁਸਤਿਕਾ ਨੂੰ ਆਪਣੇ ਨਾਲ ਲਿਜਾ ਸਕਦੇ ਹਨ।**

## निम्नलिखित निर्देशों को ध्यान से पढ़ें :

www.prepp.in

1. जिस प्रकार से विभिन्न प्रश्नों के उत्तर दिए जाने हैं उसका वर्णन परीक्षा पुस्तिका में किया गया है, जिसे आप प्रश्नों का उत्तर देने से पहले ध्यान से पढ़ लें।
2. प्रत्येक प्रश्न के लिए दिए गए चार विकल्पों में से सही उत्तर के लिए OMR उत्तर-पत्र के **पृष्ठ-2** पर केवल एक वृत्त को ही पूरी तरह **काले/नीले बॉलपॉइंट पेन** से भरें। एक बार उत्तर अंकित करने के बाद उसे बदला नहीं जा सकता है।
3. परीक्षार्थी सुनिश्चित करें कि इस उत्तर-पत्र को मोड़ा न जाए एवं उस पर कोई अन्य निशान न लगाएँ। परीक्षार्थी अपना अनुक्रमांक उत्तर-पत्र में निर्धारित स्थान के अतिरिक्त अन्यत्र न लिखें।
4. परीक्षा पुस्तिका एवं उत्तर-पत्र का ध्यानपूर्वक प्रयोग करें, क्योंकि किसी भी परिस्थिति में (केवल परीक्षा पुस्तिका एवं उत्तर-पत्र के संकेत या संख्या में भिन्नता की स्थिति को छोड़कर) दूसरी परीक्षा पुस्तिका उपलब्ध नहीं करायी जाएगी।
5. परीक्षा पुस्तिका/उत्तर-पत्र में दिए गए परीक्षा पुस्तिका संकेत व संख्या को परीक्षार्थी सही तरीके से हाजिरी-पत्र में लिखें।
6. OMR उत्तर-पत्र में कोडित जानकारी को एक मशीन पढ़ेगी। इसलिए कोई भी सूचना अधूरी न छोड़ें और यह प्रवेश-पत्र में दी गई सूचना से भिन्न नहीं होनी चाहिए।
7. परीक्षार्थी द्वारा परीक्षा हॉल/कक्ष में प्रवेश-पत्र के सिवाय किसी प्रकार की पाठ्य-सामग्री, मुद्रित या हस्तलिखित, कागज की पर्चियाँ, पेजर, मोबाइल फोन, इलेक्ट्रॉनिक उपकरण या किसी अन्य प्रकार की सामग्री को ले जाने या उपयोग करने की अनुमति नहीं है।
8. मोबाइल फोन, बेतार संचार युक्तियाँ (स्विच ऑफ अवस्था में भी) और अन्य प्रतिबंधित वस्तुएँ परीक्षा हॉल/कक्ष में नहीं लाई जानी चाहिए। इस सूचना का पालन न होने पर इसे परीक्षा में अनुचित साधनों का प्रयोग माना जाएगा और उनके विरुद्ध कार्यवाही की जाएगी, परीक्षा रद्द करने सहित।
9. पूछे जाने पर प्रत्येक परीक्षार्थी, निरीक्षक को अपना प्रवेश-पत्र दिखाएँ।
10. केन्द्र अधीक्षक या निरीक्षक की विशेष अनुमति के बिना कोई परीक्षार्थी अपना स्थान न छोड़ें।
11. कार्यरत निरीक्षक को अपना उत्तर-पत्र दिए बिना एवं हाजिरी-पत्र पर दुबारा हस्ताक्षर किए बिना परीक्षार्थी परीक्षा हॉल/कक्ष नहीं छोड़ेंगे। यदि किसी परीक्षार्थी ने दूसरी बार हाजिरी-पत्र पर हस्ताक्षर नहीं किए, तो यह माना जाएगा कि उसने उत्तर-पत्र नहीं लौटाया है और यह अनुचित साधन का मामला माना जाएगा। **परीक्षार्थी अपने बाएँ हाथ के अँगूठे का निशान हाजिरी-पत्र में दिए गए स्थान पर अवश्य लगाएँ।**
12. इलेक्ट्रॉनिक/हस्तचालित परिकलक का उपयोग वर्जित है।
13. परीक्षा हॉल/कक्ष में आचरण के लिए परीक्षार्थी बोर्ड के सभी नियमों एवं विनियमों द्वारा नियमित हैं। अनुचित साधनों के सभी मामलों का फैसला बोर्ड के नियमों एवं विनियमों के अनुसार होगा।
14. किसी हालत में परीक्षा पुस्तिका और उत्तर-पत्र का कोई भाग अलग न करें।
15. **परीक्षा सम्पन्न होने पर, परीक्षार्थी हॉल/कक्ष छोड़ने से पूर्व उत्तर-पत्र निरीक्षक को अवश्य सौंप दें।** ***परीक्षार्थी अपने साथ इस परीक्षा पुस्तिका को ले जा सकते हैं।***

## READ THE FOLLOWING INSTRUCTIONS CAREFULLY :

Prepp
Your Personal Exams Guide

1. The manner in which the different questions are to be answered has been explained in the Test Booklet which you should read carefully before actually answering the questions.
2. Out of the four alternatives for each question, only one circle for the correct answer is to be darkened completely with **Black/Blue Ballpoint Pen** on **Side-2** of the OMR Answer Sheet. The answer once marked is not liable to be changed.
3. The candidates should ensure that the Answer Sheet is not folded. Do not make any stray marks on the Answer Sheet. Do not write your Roll No. anywhere else except in the specified space in the Answer Sheet.
4. Handle the Test Booklet and Answer Sheet with care, as under no circumstances (except for discrepancy in Test Booklet Code or Number and Answer Sheet Code or Number), another set will be provided.
5. The candidates will write the correct Test Booklet Code and Number as given in the Test Booklet/Answer Sheet in the Attendance Sheet.
6. A machine will read the coded information in the OMR Answer Sheet. Hence, no information should be left incomplete and it should not be different from the information given in the Admit Card.
7. Candidates are not allowed to carry any textual material, printed or written, bits of papers, pager, mobile phone, electronic device or any other material except the Admit Card inside the Examination Hall/Room.
8. Mobile phones, wireless communication devices (even in switched off mode) and the other banned items should not be brought in the Examination Halls/Rooms. Failing to comply with this instruction, it will be considered as using unfair means in the examination and action will be taken against them including cancellation of examination.
9. Each candidate must show on demand his/her Admit Card to the Invigilator.
10. No candidate, without special permission of the Centre Superintendent or Invigilator, should leave his/her seat.
11. The candidates should not leave the Examination Hall/Room without handing over their Answer Sheet to the Invigilator on duty and sign the Attendance Sheet twice. Cases where a candidate has not signed the Attendance Sheet second time will be deemed not to have handed over the Answer Sheet and dealt with as an unfair means case. **The candidates are also required to put their left hand THUMB impression in the space provided in the Attendance Sheet.**
12. Use of Electronic/Manual Calculator is prohibited.
13. The candidates are governed by all Rules and Regulations of the Board with regard to their conduct in the Examination Hall/Room. All cases of unfair means will be dealt with as per Rules and Regulations of the Board.
14. No part of the Test Booklet and Answer Sheet shall be detached under any circumstances.
15. **On completion of the test, the candidate must hand over the Answer Sheet to the Invigilator in the Hall/Room.** ***The candidates are allowed to take away this Test Booklet with them.***